# ਐਸ.ਏ.ਐਸ ਨਗਰ ਵਿਖੇ ਕਮਿਊਨਟੀ ਸੈਂਟਰ ਦੀ ਬੁਕਿੰਗ ਸਬੰਧੀ ਨਵੀਆਂ ਸ਼ਰਤਾਂ

1. ਬਿਨੈਪੱਤਰ ਸੈਂਟਰਲ ਡਾਇਰੀ ਐਸ.ਏ.ਐਸ ਨਗਰ ਦੇ ਨੰਬਰ ਮਿਤੀ ਨੂੰ ਹੀ ਮੁੱਖ ਰੱਖਦੇ ਕਮਿਊਨਟੀ ਸੈਂਟਰ ਦੀ ਬੁਕਿੰਗ ਨਗਰ ਨਿਗਮ ਦੇ ਦਫਤਰ ਵਿੱਚ ਫਸਟ-ਕਮ-ਫਸਟ ਦੇ ਆਧਾਰ ਤੇ ਕੀਤੀ ਜਾਵੇਗੀ।
2. ਬੁਕਿੰਗ ਦੀ ਮਿਤੀ ਅਤੇ ਸਮੇਂ ਤੋਂ ਪਹਿਲਾਂ ਕਮਿਊਨਟੀ ਸੈਂਟਰ ਦਾ ਕਬਜਾ ਨਹੀਂ ਦਿੱਤਾ ਜਾਵੇਗਾ।
3. ਬੁਕਿੰਗ ਦੇ ਸਮੇਂ ਹੀ ਬੁਕਿੰਗ ਦੀ ਪੂਰੀ ਕੀਮਤ ਅਤੇ ਸਕਿਊਰਟੀ ਲਈ ਜਾਵੇਗੀ।
4. ਇੱਕ ਵਾਰ ਕਾਰਵਾਈ ਗਈ ਬੁਕਿੰਗ ਕਿਸੇ ਵੀ ਹਾਲਤ ਵਿੱਚ ਕੈਂਸਲ ਨਹੀਂ ਕੀਤੀ ਜਾਵੇਗੀ ਅਤੇ ਜਮ੍ਹਾਂ ਰਕਮ ਵਾਪਿਸ ਨਹੀਂ ਕੀਤੀ ਜਾਵੇਗੀ।
5. ਬਿਜਲੀ ਅਤੇ ਪਾਣੀ ਦਾ ਖਰਚਾ ਬੁਕਿੰਗ ਦੀ ਰਕਮ ਵਿੱਚ ਸ਼ਾਮਿਲ ਹੋਵੇਗਾ।
6. ਡੈਕੋਰੇਸ਼ਨ ਲਾਈਟਸ ਲਈ ਬਿਜਲੀ ਦਾ ਪ੍ਰਬੰਧ ਪਾਰਟੀ ਨੂੰ ਆਪਣੇ ਪੱਧਰ ਤੇ ਕਰਨਾ ਹੋਵੇਗਾ। ਕਮਿਊਨਟੀ ਸੈਂਟਰ ਦੀ ਬਿਜਲੀ ਇਸ ਮਕਸਦ ਲਈ ਵਰਤਣ ਦੀ ਆਗਿਆ ਨਹੀਂ ਹੋਵੇਗੀ।
7. ਲਾਊਡ ਸਪਕੀਰ, ਡੀ.ਜੇ, ਆਰਕੈਸਟਰਾਂ, ਬੈਂਡ-ਵਾਜੇ ਆਦਿ ਦੀ ਆਵਾਜ ਇੰਨੀ ਕੁ ਰੱਖੀ ਜਾਵੇ ਕਿ ਉਹ ਕਮਿਊਨਟੀ ਸੈਂਟਰ ਦੀ ਹੱਦ ਅੰਦਰ ਹੀ ਰਹੇ। ਇਸਦੀ ਪ੍ਰਵਾਨਗੀ ਵੱਖਰੇ ਤੌਰ ਤੇ ਸਮਰੱਥ ਅਧਿਕਾਰੀ ਤੋਂ ਲਈ ਜਾਵੇ ਅਤੇ ਇਸਦੀ ਪ੍ਰਵਾਨਗੀ ਦੀ ਇੱਕ ਕਾਪੀ ਇਸ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ। ਪਟਾਖੇ ਆਦਿ ਚਲਾਉਣ ਦੀ ਬਿਲਕੁਲ ਮਨਾਹੀ ਹੋਵੇਗੀ। ਜੇਕਰ ਫੰਕਸ਼ਨ ਦੌਰਾਨ ਸ਼ੋਰ ਪ੍ਰਦੂਸ਼ਣ ਵੱਧ ਹੁੰਦਾ ਜਾਂ ਇਸ ਸਬੰਧ ਵਿੱਚ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਆਪ ਦੀ ਸਕਿਓਰਟੀ ਦੀ ਰਕਮ ਨਗਰ ਨਿਗਮ, ਐਸ.ਏ.ਐਸ ਨਗਰ ਵੱਲੋਂ ਜਬਤ ਕਰ ਲਈ ਜਾਵੇਗੀ।
8. ਸ਼ਰਾਬ ਦੀ ਵਰਤੋਂ ਦੀ ਮਨਜੂਰੀ ਬਿਨੈਕਾਰ ਨੂੰ ਕਰ ਤੇ ਆਬਕਾਰੀ ਵਿਭਾਗ ਤੋਂ ਆਪਣੇ ਪੱਧਰ ਤੇ ਹੀ ਲੈਣੀ ਹੋਵੇਗੀ ਅਤੇ ਇਸਦੀ ਵਰਤੋਂ ਸਿਰਫ ਕਮਿਊਨਟੀ ਸੈਂਟਰ ਦੇ ਅੰਦਰ ਹੀ ਕੀਤੀ ਜਾਵੇਗੀ। ਸ਼ਰਾਬ ਦੀ ਵਰਤੋਂ ਗੱਡੀਆਂ, ਪਾਰਕਿੰਗ, ਛੱਤ ਅਤੇ ਸੜਕ ਤੇ ਕਰਨ ਦੀ ਮਨਾਹੀ ਹੋਵੇਗੀ। ਇਸ ਦੇ ਨਾਲ ਹੀ ਕਮਿਊਨਟੀ ਸੈਂਟਰ ਵਿੱਚ ਹੁੱਲੜ ਬਾਜੀ, ਗਾਲਾਂ ਕੱਢਣੀਆਂ ਅਤੇ ਲੜਾਈ ਝਗੜਾ ਕਰਨ ਦੀ ਸੂਰਤ ਵਿੱਚ ਬਿਨੈਕਾਰ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
9. ਫੰਕਸ਼ਨਾਂ ਵਿੱਚ ਕੈਟਰਿੰਗ ਅਤੇ ਟੈਂਟ ਆਦਿ ਦੇ ਸਟਾਫ ਨੂੰ ਹਦਾਇਤ ਕੀਤੀ ਜਾਵੇ ਕਿ ਸਮਾਨ ਚੁੱਕਣ ਸਮੇਂ ਕਿਸੇ ਕਿਸਮ ਦਾ ਸ਼ੋਰ ਸ਼ਰਾਬਾ ਨਾ ਕੀਤਾ ਜਾਵੇ ਅਤੇ ਕੂੜਾ ਕਰਕਟ ਆਦਿ ਨੂੰ ਡਸਟਬੀਨ ਵਿੱਚ ਪਾਉਣਾ ਯਕੀਨੀ ਬਣਾਇਆ ਜਾਵੇ, ਜਿਸਦੀ ਦੀ ਜਿੰਮੇਵਾਰੀ ਬਿਨੈਕਾਰ ਦੀ ਹੋਵੇਗੀ।
10. ਕਮਿਊਨਟੀ ਸੈਂਟਰ ਦੇ ਅੰਦਰ ਕਿਸੇ ਤਰ੍ਹਾਂ ਦਾ ਹਥਿਆਰ ਲੈ ਕੇ ਆਉਣ ਦੀ ਮਨਾਹੀ ਹੈ।
11. ਕਿਸੇ ਵੀ ਤਰ੍ਹਾਂ ਦੀ ਟੁੱਟ ਭੱਜ ਅਤੇ ਫੰਕਸ਼ਨ ਤੋਂ ਬਾਅਦ ਸਾਫ ਸਫਾਈ ਦੀ ਜਿੰਮੇਵਾਰੀ ਪਾਰਟੀ ਦੀ ਹੋਵੇਗੀ ਅਤੇ ਸਕਿਊਰਟੀ ਵਜੋਂ ਜਮ੍ਹਾਂ ਕਰਵਾਈ ਰਕਮ ਕਮਿਊਨਟੀ ਸੈਂਟਰਾਂ ਵਿੱਚ ਤੈਨਾਤ ਕਰਮਚਾਰੀ ਦੀ ਰਿਪੋਰਟ ਆਉਣ ਤੇ ਹੀ ਵਾਪਿਸ ਕੀਤੀ ਜਾਵੇਗੀ ਕਿ ਕਮਿਊਨਟੀ ਸੈਂਟਰ ਠੀਕ-ਠਾਕ ਹੈ, ਉੱਥੇ ਕੋਈ ਟੁੱਟ-ਭੱਜ ਨਹੀਂ ਹੋਈ ਹੈ।
12. ਪੱਕੇ ਫਰਸ਼ ਵਿੱਚ ਟੈਂਟ ਆਦਿ ਲਗਾਉਣ ਦੀ ਇਜਾਜਤ ਨਹੀਂ ਹੋਵੇਗੀ।
13. ਸਾਰੀਆਂ ਗੱਡੀਆਂ ਕਮਿਊਨਟੀ ਸੈਂਟਰ ਦੇ ਅੰਦਰ ਹੀ ਪਾਰਕ ਕੀਤੀਆ ਜਾਣਗੀਆਂ ਅਤੇ ਗੱਡੀਆਂ ਨੂੰ ਸੜਕ ਤੇ ਪਾਰਕ ਕਰਨ ਤੋਂ ਗੁਰੇਜ਼ ਕੀਤਾ ਜਾਵੇ ਤਾਂ ਜੋ ਟੈਰਫਿਕ ਵਿੱਚ ਕੋਈ ਵਿਘਨ ਨਾ ਪਵੇ।
14. ਜਨਰੇਟਰ ਸੈਟ ਕਮਿਊਨਟੀ ਸੈਂਟਰ ਦੀ ਬਾਉਡਰੀ ਦੇ ਅੰਦਰ ਰੱਖਿਆ ਜਾਵੇਗਾ। ਰੋਡ ਬਰਮ ਜਾਂ ਸੜਕ ਤੇ ਰੱਖਣ ਦੀ ਆਗਿਆ ਨਹੀਂ ਹੋਵੇਗੀ।
15. ਬਿਨੈਕਾਰ ਵੱਲੋਂ ਫੰਕਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਸਕਿਓਰਟੀ ਰੀਫੰਡ ਵਾਸਤੇ ਅਪਲਾਈ ਕਰਨਾ ਹੋਵੇਗਾ । ਜੇਕਰ ਬਿਨੈਕਾਰ 30 ਦਿਨਾਂ ਦੇ ਅੰਦਰ-ਅੰਦਰ ਸਾਰੀਆਂ ਰਿਪੋਰਟਾਂ ਸਮੇਤ ਅਪਲਾਈ ਨਹੀਂ ਕਰਦਾ ਤਾਂ ਸਕਿਓਰਟੀ ਜਬਤ ਕਰ ਲਈ ਜਾਵੇਗੀ।
16. ਸੋਲਿਡ ਵੇਸਟ ਮਨੇਜਮੈਂਟ ਐਂਡ ਕਲੀਨਸ ਐਂਡ ਸੈਨੀਟੇਸ਼ਨ ਬਾਈਲਾਜ-2019 ਦੀ ਉਲੰਘਣਾ ਕਰਨ ਤੇ ਹੇਠ ਲਿਖੇ ਅਨੁਸਾਰ ਆਪ ਨੂੰ ਜੁਰਮਾਨਾ ਕੀਤਾ ਜਾਵੇਗਾ ਅਤੇ ਬਣਦਾ ਜੁਰਮਾਨਾ ਆਪ ਦੀ ਸਕਿਓਰਟੀ ਵਿਚੋਂ ਕੱਟ ਲਿਆ ਜਾਵੇਗਾ।
    a) ਕਮਿਊਨਟੀ ਸੈਂਟਰ ਵਿੱਚ ਕਿਸੇ ਵੀ ਫੰਕਸ਼ਨ ਦੌਰਾਨ ਪਲਾਸਟਿਕ ਦੀ ਵਰਤੋਂ ਨਹੀਂ ਕੀਤੀ ਜਾਵੇਗੀ।
    b) ਆਪ ਵੱਲੋਂ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ-ਵੱਖ ਕਰਕੇ ਅਲੱਗ-ਅਲੱਗ ਕੂੜੇਦਾਨਾਂ ਵਿੱਚ ਪਾਉਣਾ ਹੋਵੇਗਾ।

ਸਹੀ/-
ਕਮਿਸ਼ਨਰ,
ਨਗਰ ਨਿਗਮ,
ਐਸ.ਏ.ਐਸ ਨਗਰ।